NSW GOVERNMENT



## ਸਕੂਲ ਦੇ ਟੀਕਾਕਰਨ ਲਈ ਆਨਲਾਈਨ ਸਹਿਮਤੀ ਉਪਲਬਧ ਹੈ

ਮਾਪੇ ਅਤੇ ਸਰਪ੍ਰਸਤ ਆਪਣੇ ਬੱਚੇ ਦੇ ਸਕੂਲ ਦੇ ਰੁਟੀਨ ਟੀਕਾਕਰਨ ਲਈ ਆਨਲਾਈਨ ਸਹਿਮਤੀ ਦੇ ਸਕਦੇ ਹਨ ਜਦੋਂ ਬੱਚੇ 7ਵੀਂ ਜਮਾਤ ਵਿੱਚ ਹੁੰਦੇ ਹਨ।

**ਤੁਹਾਨੂੰ ਚਾਹੀਦੇ ਹੋਣਗੇ:**

1. ਤੁਹਾਡੇ ਸਰਵਿਸ ਐਨ ਐਸ ਡਬਲਿਓ (Service NSW) ਲਾਗ-ਇਨ ਵੇਰਵੇ
2. ਤੁਹਾਡੇ ਅਤੇ ਤੁਹਾਡੇ ਬੱਚੇ ਦੇ ਮੈਡੀਕੇਅਰ ਕਾਰਡ ਦੇ ਵੇਰਵੇ (ਜੇ ਤੁਹਾਡੇ ਦੋਵਾਂ ਕੋਲ ਇਹ ਹੈ)
3. ਤੁਹਾਡਾ ਬੱਚਾ 2024 ਵਿੱਚ ਕਿਹੜੇ ਸੈਕੰਡਰੀ ਸਕੂਲ ਵਿੱਚ ਜਾਵੇਗਾ, ਉਸ ਦੇ ਵੇਰਵੇ।

ਐਨ ਐਸ ਡਬਲਿਓ ਸਕੂਲ ਟੀਕਾਕਰਨ ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲਈ health.nsw.gov.au/schoolvaccination 'ਤੇ ਜਾਓ

ਆਨਲਾਈਨ ਸਹਿਮਤੀ ਪ੍ਰਦਾਨ ਕਰਨ ਲਈ https://engage.health.nsw.gov.au/engage

**ਹੋਰ ਜਾਣਕਾਰੀ:**

# ਐਨ ਐਸ ਡਬਲਿਓ ਸਕੂਲ ਟੀਕਾਕਰਨ ਪ੍ਰੋਗਰਾਮ 7ਵੀਂ ਜਮਾਤ ਲਈ

## ਜ਼ਰੂਰੀ ਜਾਣਕਾਰੀ 2024

# ਐਨ ਐਸ ਡਬਲਯੂ ਸਕੂਲ ਟੀਕਾਕਰਨ ਪ੍ਰੋਗਰਾਮ



**ਐਨ ਐਸ ਡਬਲਊ ਹੈਲਥ ਸਕੂਲਾਂ ਨਾਲ ਕੰਮ ਕਰਦੀ ਹੈ ਤਾਂ ਕਿ ਇਕ ਸਕੂਲ-ਆਧਾਰਿਤ ਟੀਕਾਕਰਨ ਪ੍ਰੋਗਰਾਮ ਵਿਚ 7 ਵੇਂ ਸਾਲ ਦੇ ਵਿਦਿਆਰਥੀਆਂ ਨੂੰ ਹਿਊਮੱਨ ਪੇਪੀਲੋਮੇਵਾਇਰਸ (ਐਚ ਪੀ ਵੀ) ਅਤੇ ਡਿਪਥੀਰੀਆ-ਟੈਟਨਸ-ਪਰਟੂਸਿਸ (ਡੀ ਟੀਪੀਏ) ਦੇ ਟੀਕੇ ਦਿੱਤੇ ਜਾ ਸਕਣ। ਇਨ੍ਹਾਂ ਟੀਕਿਆਂ ਦੀ ਸਿਫਾਰਸ਼ ਨੈਸ਼ਨਲ ਹੈਲਥ ਐਂਡ ਮੈਡੀਕਲ ਰਿਸਰਚ ਕੌਂਸਲ (ਐਨ ਐਚ ਐਮ ਆਰ ਸੀ) ਦੁਆਰਾ ਕੀਤੀ ਜਾਂਦੀ ਹੈ ਅਤੇ ਰਾਸ਼ਟਰੀ ਟੀਕਾਕਰਨ ਪ੍ਰੋਗਰਾਮ ਤਹਿਤ ਫੰਡ ਦਿੱਤੇ ਜਾਂਦੇ ਹਨ।.**

- ਇਸ ਪੇਰੈਂਟ ਇਨਫਰਮੇਸ਼ਨ ਸ਼ੀਟ ਵਿਚ ਟੀਕਾਕਰਨ ਅਤੇ ਉਹ ਕਿਹੜੀਆਂ ਬੀਮਾਰੀਆਂ ਤੋਂ ਬਚਾਅ ਕਰਦੇ ਹਨ ਬਾਰੇ ਜਾਣਕਾਰੀ ਦਿੱਤੀ ਗਈ ਹੈ।
- ਤੁਹਾਡੇ ਬੱਚੇ ਨੂੰ ਟੀਕਾਕਰਨ ਕਰਵਾਉਣ ਲਈ, ਤੁਹਾਡੇ ਵੱਲੋਂ ਸਹਿਮਤੀ ਆਨਲਾਈਨ ਜਾਂ ਨਾਲ ਨੱਥੀ ਸਹਿਮਤੀ ਫਾਰਮ 'ਤੇ ਦਿੱਤੀ ਜਾਣੀ ਚਾਹੀਦੀ ਹੈ। ਟੀਕੇ ਕੇਵਲ ਸਕੂਲ ਵਿਚ ਮੁਫ਼ਤ ਪ੍ਰਦਾਨ ਕੀਤੇ ਜਾਂਦੇ ਹਨ ਜੇਕਰ ਤੁਸੀਂ ਜਾਂ ਤਾਂ ਆਨਲਾਈਨ ਸਹਿਮਤੀ ਦਿੰਦੇ ਹੋ ਜਾਂ ਸਹਿਮਤੀ ਫਾਰਮ ਨੂੰ ਭਰ ਕੇ, ਹਸਤਾਖਰ ਕਰਕੇ ਵਾਪਸ ਕਰਦੇ ਹੋ ਜਦੋਂ ਕਿ ਤੁਹਾਡਾ ਬੱਚਾ ਹਾਲੇ 7 ਵੀਂ ਜਮਾਤ ਵਿਚ ਹੋਵੇ।
- ਪੰਨਾ 2 'ਤੇ ਦਿੱਤੀ ਗਈ ਸਲਾਹ ਨੂੰ ਮੰਨ ਕੇ ਕਿਸੇ ਵੀ ਸਮੇਂ ਸਹਿਮਤੀ ਨੂੰ ਵਾਪਸ ਲਿਆ ਜਾ ਸਕਦਾ ਹੈ।
- ਜੇਕਰ ਤੁਸੀਂ ਆਪਣੇ ਬੱਚੇ ਨੂੰ ਇੱਕ ਰੋਗ਼ ਵਿਰੋਧੀ ਸਰੀਰਕ ਸੁਰੱਖਿਆ ਟੀਕਾ ਨਹੀਂ ਲੱਗਵਾਉਣਾ ਚਾਹੁੰਦੇ, ਉਸ ਰੋਗ਼ ਵਿਰੋਧੀ ਸਰੀਰਕ ਸੁਰੱਖਿਆ ਟੀਕੇ ਦੇ ਤੱਤਾਂ ਅੱਗੇ ਆਪਣੇ ਨਾਮ ਦੇ ਦਸਤਖ਼ਤ ਨਾ ਕਰੋ।
- ਪੰਨਾ 4 ਤੇ ਇਕ ਗੋਪਨੀਯਤਾ ਬਿਆਨ ਹੈ ਜਿਸ ਵਿਚ ਦੱਸਿਆ ਗਿਆ ਹੈ ਕਿ ਤੁਹਾਡੇ ਦੁਆਰਾ ਪ੍ਰਦਾਨ ਕੀਤੀ ਜਾਣ ਵਾਲੀ ਜਾਣਕਾਰੀ ਕਿਵੇਂ ਇਕੱਠੀ ਕੀਤੀ ਜਾਂਦੀ ਹੈ ਅਤੇ ਵਰਤੀ ਜਾਂਦੀ ਹੈ।

ਆਨਲਾਈਨ ਸਹਿਮਤੀ ਪ੍ਰਦਾਨ ਕਰਨ ਲਈ
https://engage.health.nsw.gov.au/engage 'ਤੇ ਜਾਓ

ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਆਪਣੇ ਸਥਾਨਕ ਪਬਲਿਕ ਹੈਲਥ ਯੂਨਿਟ ਨੂੰ 1300 066 055 **ਤੇ ਸੰਪਰਕ ਕਰੋ ਜਾਂ**
www.health.nsw.gov.au/immunisation ਉਪਰ ਜਾਓ।

# ਵਾਰ ਵਾਰ ਪੁੱਛੇ ਜਾਣ ਵਾਲੇ ਸਵਾਲ

### ਸ: ਟੀਕੇ ਕਿਵੇਂ ਕੰਮ ਕਰਦੇ ਹਨ?

ਟੀਕੇ ਸਰੀਰ ਦੀ ਸੁਰੱਖਿਆ ਪ੍ਰਨਾਲੀ ਨੂੰ ਕੁਝ ਲਾਗਾਂ ਦੇ ਟਾਕਰੇ ਲਈ ਸਰਗਰਮ ਕਰਦੇ ਹਨ। ਜੇ ਇਕ ਟੀਕਾਕਰਨ ਕੀਤਾ ਵਿਅਕਤੀ ਇਹਨਾਂ ਲਾਗਾਂ ਦੇ ਸੰਪਰਕ ਵਿਚ ਆਉਂਦਾ ਹੈ, ਤਾਂ, ਉਹਨਾਂ ਦੀ ਸਰੀਰਕ ਸੁਰੱਖਿਆ ਪ੍ਰਨਾਲੀ, ਬਿਮਾਰੀ ਨੂੰ ਰੋਕਣ ਜਾਂ ਇਸਦੀ ਤੀਬਰਤਾ ਨੂੰ ਘੱਟ ਕਰਨ ਲਈ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਜਵਾਬ ਦੇ ਸਕਦੀ ਹੈ।

### ਸ: ਟੀਕੇ ਕਿੰਨੇ ਕੁ ਸੁੱਰਖਿਅਤ ਹਨ?

ਆਸਟਰੇਲੀਆ ਵਿੱਚ ਵਰਤੇ ਜਾਣ ਵਾਲੇ ਟੀਕੇ ਸੁਰੱਖਿਅਤ ਹਨ ਅਤੇ ਥੇਰਾਪਿਊਟਿਕ ਗੁਡਜ਼ ਐਡਮਿਨਿਸਟਰੇਸ਼ਨ (ਟੀ ਜੀ ਏ) ਵਲੋਂ ਪ੍ਰਵਾਨਤ ਹੋਣ ਤੋਂ ਪਹਿਲਾਂ ਸਖ਼ਤ ਸੁਰੱਖਿਆ ਪਰਖ ਨੂੰ ਪਾਸ ਕਰਨਾ ਜ਼ਰੂਰੀ ਹੈ। ਇਸ ਤੋਂ ਇਲਾਵਾ, ਟੀ ਜੀ ਏ ਵਰਤੋਂ ਵਿੱਚ ਆਉਣ ਤੇ ਟੀਕਿਆਂ ਦੀ ਸੁਰੱਖਿਆ ਲਈ ਨਿਗਰਾਨੀ ਰੱਖਦੀ ਹੈ।

### ਸ: ਟੀਕਾਕਰਨ ਦੇ ਦੁਰ ਪ੍ਰਭਾਵ ਕੀ ਹਨ?

ਐਚ ਪੀ ਵੀ ਟੀਕਾਕਰਨ ਦੇ ਹੋਰ ਮਾੜੇ ਪ੍ਰਭਾਵ ਅਕਸਰ ਘੱਟ ਹਨ ਅਤੇ ਸਧਾਰਨ ਤੌਰ ਤੇ ਦਰਦ, ਸੋਜ਼ਸ ਅਤੇ ਟੀਕਾ ਲੱਗਣ ਵਾਲੀ ਜਗ੍ਹਾ ਦਾ ਗੂੜਾ ਲਾਲ ਹੋਣਾ ਹਨ। ਗੰਭੀਰ ਪ੍ਰਭਾਵ ਬਹੁਤ ਹੀ ਵਿਰਲੇ ਹਨ। ਐਨ ਐਸ ਡਬਲਯੂ ਦੇ ਮਾਪਿਆਂ, ਜਿੰਨ੍ਹਾਂ ਨਾਲ ਐਚ ਪੀ ਵੀ ਟੀਕਾਕਰਨ ਦੇ ਕੁਝ ਦਿਨਾਂ ਬਾਅਦ ਸੰਪਰਕ ਕੀਤਾ ਗਿਆ ਸੀ, ਨੇ ਰਿਪੋਰਟ ਕੀਤੀ ਕਿ 9.7% ਵਿਦਿਆਰਥੀਆਂ ਨੂੰ ਹਲਕੇ ਜਿਹੇ ਮਾੜੇ ਪ੍ਰਭਾਵ ਹੋਏ ਜਦੋਂ ਕਿ ਸਿਰਫ 0.5% ਨੂੰ ਡਾਕਟਰੀ ਸਹਾਇਤਾ ਦੀ ਲੋੜ ਪਈ। health.nsw.gov.au/schoolvaccination ਤੋਂ ਉਪਲਬਧ ਟੀਕਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਵਧੇਰੇ ਜਾਣਕਾਰੀ ਉਪਭੋਗਤਾ ਦਵਾਈਆਂ ਦੀ ਜਾਣਕਾਰੀ (ਸੀ.ਐੱਮ.ਆਈ.) ਉਪਰ ਉਪਲਬਧ ਹੈ।

ਟੀਕਾਕਰਨ ਤੋਂ ਬਾਅਦ ਦੇ ਮਾੜੇ ਪ੍ਰਭਾਵਾਂ ਤੋਂ ਫਿਕਰਮੰਦ ਮਾਪਿਆਂ ਨੂੰ ਆਪਣੇ ਜੀ.ਪੀ. ਨਾਲ ਸੰਪਰਕ ਕਰਨਾ ਚਾਹੀਦਾ ਹੈ, ਜਿਸਨੂੰ ਸਥਾਨਕ ਜਨਤਕ ਸਿਹਤ ਇਕਾਈ ਨੂੰ ਵੀ ਰਿਪੋਰਟ ਕਰਨੀ ਚਾਹੀਦੀ ਹੈ।

### ਸ: ਐਨਾਫ਼ਾਈਲੈਅਕਸਸ ਕੀ ਹੈ?

ਐਨਾਫਾਈਲੈਕਿਸਿਸ ਇੱਕ ਗੰਭੀਰ ਲਰਜੀ ਵਾਲੀ ਪ੍ਰਤਿਕ੍ਰਿਆ ਹੈ ਜਿਸਦੇ ਨਤੀਜੇ ਵਜੋਂ ਬੇਹੋਸ਼ੀ ਅਤੇ ਮੌਤ ਹੋ ਸਕਦੀ ਹੈ ਜੇ ਉਸ ਦਾ ਫੌਰਨ ਇਲਾਜ ਨਹੀਂ ਕੀਤਾ ਜਾਂਦਾ। ਇਹ ਕਿਸੇ ਵੀ ਟੀਕਾਕਰਨ ਲੱਗਣ ਕਾਰਨ ਬਹੁਤ ਹੀ ਘੱਟ ਹੁੰਦੀ ਹੈ। ਸਕੂਲ ਵਿੱਚ ਟੀਕਾਕਰਨ ਕਰਨ ਵਾਲੀਆਂ ਨਰਸਾਂ ਐਨਾਫ਼ਾਈਲੈਅਕਸਸ ਦੇ ਇਲਾਜ ਲਈ ਪੂਰਨ ਸਿਖਲਾਈ ਪ੍ਰਾਪਤ ਹੁੰਦਿਆਂ ਹਨ। ਐਨਾਫਾਈਲੈਕਿਸਿਸ ਦੇ ਪਹਿਲਾਂ ਹੋਣ ਦਾ ਮਤਲਬ ਹੋ ਸਕਦਾ ਹੈ ਕਿ ਇੱਕ ਵਿਦਿਆਰਥੀ ਨੂੰ ਇੱਕ ਨਿਸ਼ਚਿਤ ਟੀਕਾ ਨਹੀਂ ਲੈਣਾ ਚਾਹੀਦਾ।

### ਸ: ਜੇਕਰ ਮੇਰੇ ਬੱਚੇ ਨੂੰ ਦਮਾ ਹੈ ਅਤੇ ਉਹ ਕੋਰਟੀਸੋਨ ਜਾਂ ਪਰੈਡਨੀਸੋਨ ਇੱਕ ਪਫਰ ਰਾਹੀਂ ਲੈਂਦਾ ਹੈ ਤਾਂ ਕੀ ਹੋਵੇਗਾ?

ਟੀਕਾ ਕਿਸੇ ਵੀ ਵਿਅਕਤੀ ਜਿਸਨੂੰ ਦਮਾ ਹੋਵੇ ਸੁਰੱਖਿਅਤ ਤੌਰ ਤੇ ਦਿੱਤਾ ਜਾ ਸਕਦਾ ਹੈ ਭਾਵੇਂ ਕਿ ਉਹ ਕਿਹੜੀਆਂ ਵੀ ਦਵਾਈਆਂ ਲੈ ਰਹੇ ਹੋਣ।

### ਸ: ਕੀ ਇਕ ਵਿਦਿਆਰਥਣ ਨੂੰ ਇਹ ਟੀਕਾ ਦਿੱਤਾ ਜਾਣਾ ਚਾਹੀਦਾ ਹੈ ਜੋ ਗਰਭਵਤੀ ਹੈ ਜਾਂ ਉਹ ਸੋਚਦੀ ਹੈ ਕੇ ਉਹ ਗਰਭਵਤੀ ਹੋ ਸਕਦੀ ਹੈ?

ਨਹੀਂ। ਕੋਈ ਵੀ ਵਿਦਿਆਰਥਨ ਜੋ ਗਰਭਵਤੀ ਹੈ ਜਾਂ ਉਹ ਸੋਚਦੀ ਹੈ ਕੇ ਉਹ ਗਰਭਵਤੀ ਹੋ ਸਕਦੀ ਹੈ ਨੂੰ ਇਹ ਟੀਕਾ ਨਹੀਂ ਲਗਾਇਆ ਜਾਵੇਗਾ। ਦਵਾਖਾਨੇ ਦੇ ਦਿਨ ਟੀਕਾਕਰਨ ਦੇਣ ਵਾਲੀ ਨਰਸ ਵਿਦਿਆਰਥਣਾਂ ਤੋਂ ਉਹਨਾਂ ਦੇ ਗਰਭਵਤੀ ਹੋਣ ਜਾਂ ਗਰਭਵਤੀ ਹੋ ਸਕਣ ਵਾਰੇ ਪੁੱਛ-ਪੜਤਾਲ ਕਰੇਗੀ। ਜੇਕਰ ਵਿਦਿਆਰਥੀ ਇਸ ਸਵਾਲ ਦਾ ਜਵਾਬ ਹਾਂ ਵਿਚ ਦਿੰਦੀ ਹੈ, ਤੱਦ ਉਸਨੂੰ ਟੀਕਾਕਰਨ ਨਹੀਂ ਲਗਾਇਆ ਜਾਵੇਗਾ।

ਵਿਦਿਆਰਥੀ ਨੂੰ ਛੇਤੀ ਤੋਂ ਛੇਤੀ ਆਪਣੇ ਮਾਪਿਆਂ / ਰੱਖਿਅਕ ਨਾਲ ਇਸ ਵਿਸ਼ੇ ਤੇ ਮਸ਼ਵਰਾ ਕਰਨ ਅਤੇ ਡਾਕਟਰੀ ਸਹਾਇਤਾ ਪ੍ਰਾਪਤ ਕਰਨ ਲਈ ਸਲਾਹ ਦਿੱਤੀ ਜਾਵੇਗੀ। ਉਸਨੂੰ ਇਕ ਸਿਹਤ ਫ਼ਰਮਾਇਸ਼ ਸੇਵਾ ਦੇ ਸੰਪਰਕ ਲਈ ਵੇਰਵਾ ਵੀ ਦਿੱਤਾ ਜਾਵੇਗਾ ਜੋ ਉਸਨੂੰ ਸਲਾਹ, ਮਦਦ ਅਤੇ ਅਗਵਾਈ ਦੇਵੇਗਾ।

### ਸ: ਕੀ ਮੈਂ ਰਜ਼ਾਮੰਦੀ ਵਾਪਸ ਲੈ ਸਕਦਾ ਹਾਂ?

ਸਹਿਮਤੀ ਕਿਸੇ ਵੀ ਸਮੇਂ ਵਾਪਸ ਲਈ ਜਾ ਸਕਦੀ ਹੈ:

- ਜਿੱਥੇ ਸਹਿਮਤੀ ਆਨਲਾਈਨ ਦਿੱਤੀ ਗਈ ਹੈ, ਕਿਰਪਾ ਕਰਕੇ https://engage.health.nsw.gov.au/engage 'ਤੇ ਲੌਗ-ਇਨ ਕਰੋ ਅਤੇ ਆਪਣੇ ਬੱਚੇ ਲਈ ਸਹਿਮਤੀ ਵਾਪਸ ਲੈਣ ਲਈ ਨਿਰਦੇਸ਼ਾਂ (ਪ੍ਰੌਂਪਟ) ਦੀ ਪਾਲਣਾ ਕਰੋ
- ਜਿੱਥੇ ਕਾਗਜ਼ੀ ਸਹਿਮਤੀ ਫਾਰਮ 'ਤੇ ਸਹਿਮਤੀ ਦਿੱਤੀ ਗਈ ਹੈ, ਕਿਰਪਾ ਕਰਕੇ ਸਕੂਲ ਨੂੰ ਸਹਿਮਤੀ ਵਾਪਸ ਲੈਣ ਦੀ ਲਿਖਤੀ ਸੂਚਨਾ ਪ੍ਰਦਾਨ ਕਰੋ ਜਾਂ ਕਲੀਨਿਕ ਤੋਂ ਪਹਿਲਾਂ ਸਹਿਮਤੀ ਵਾਪਸ ਲੈਣ ਲਈ ਸਕੂਲ ਨੂੰ ਟੈਲੀਫੋਨ ਕਰੋ।

### ਸ: ਜੇ ਮੈਂ ਆਪਣੇ ਬੱਚੇ ਦੀ ਵੱਡੇ ਹੋਣ ਤੱਕ ਉਡੀਕ ਕਰਾਂ, ਫ਼ਿਰ ਕੀ?

ਇਹ ਟੀਕੇ ਕੇਵਲ ਸਕੂਲ ਵਿਚ, ਤੁਹਾਡੇ ਦੁਆਰਾ ਅਸਲੀ ਸਹਿਮਤੀ ਫਾਰਮ ਨੂੰ ਵਾਪਸ ਕਰਨ ਤੇ ਹੀ ਮੁਹੱਈਆ ਕਰਾਏ ਜਾ ਸਕਦੇ ਹਨ ਜਦੋਂ ਤੁਹਾਡਾ ਬੱਚਾ 7 ਵੇਂ ਸਾਲ ਵਿਚ ਹੋਵੇ। ਜੇ ਤੁਸੀਂ ਆਪਣੇ ਬੱਚੇ ਦੇ ਵੱਡੇ ਹੋਣ ਤੱਕ ਉਡੀਕ ਕਰਨ ਦੀ ਚੋਣ ਕਰਦੇ ਹੋ ਤਾਂ ਤੁਹਾਨੂੰ ਆਪਣੇ ਜੀ.ਪੀ. ਨਾਲ ਪ੍ਰਬੰਧ ਕਰਨੇ ਪੈਣਗੇ ਅਤੇ ਇਸ ਵਿੱਚ ਖ਼ਰਚਾ ਆ ਸਕਦਾ ਹੈ।

### ਸ: ਫ਼ਿਰ ਕੀ ਜੇ ਮੇਰਾ ਬੱਚਾ ਰੋਗ਼ ਵਿਰੋਧੀ ਸਰੀਰਕ ਸੁਰੱਖਿਆ ਤੱਤਾਂ ਦਾ ਟੀਕਾ ਸਕੂਲ ਵਿਖੇ ਨਾ ਲਗਵਾ ਸਕੇ?

ਤੁਹਾਡੇ ਬੱਚੇ ਨੂੰ ਸਕੂਲੀ ਸਾਲ ਸੱਤਵੀਂ ਕਲਾਸ ਦੇ ਦੌਰਾਨ ਸਕੂਲ ਚਿਕਿਤਸ਼ਾਲਾ ਵਿਖੇ ਰੋਗ਼ ਵਿਰੋਧੀ ਸਰੀਰਕ ਸੁਰੱਖਿਆ ਦਾ ਟੀਕਾ ਲਗਾਉਣ ਲਈ ਹਰੇਕ ਯਤਨ ਕੀਤਾ ਜਾਵੇਗਾ। ਜਿੱਥੇ ਇਹ ਸੰਭਵ ਨਹੀਂ, ਤੁਹਾਨੂੰ ਰੋਗ਼ ਵਿਰੋਧੀ ਸਰੀਰਕ ਸੁਰੱਖਿਆ ਟੀਕੇ ਦੇ ਬਾਅਦ ਵਾਲੇ ਪ੍ਰਬੰਧਾਂ ਬਾਰੇ ਸਲਾਹ ਦਿੱਤੀ ਜਾਵੇਗੀ।ਵਿਕਲਪਕ ਤੌਰ 'ਤੇ, ਤੁਹਾਡੇ ਸਥਾਨਕ ਜੀ.ਪੀ ਅਤੇ ਫਾਰਮਾਸਿਸਟ ਇਮਿਊਨਾਈਜ਼ਰਾਂ ਦੁਆਰਾ ਮੁਫਤ ਬਾਅਦ ਵਿੱਚ ਲਗਵਾਉਣ ਵਾਲਾ (ਕੈਚ-ਅੱਪ) ਵੈਕਸੀਨ ਉਪਲਬਧ ਹੈ। ਕਿਰਪਾ ਕਰਕੇ ਨੋਟ ਕਰੋ ਕਿ ਜੀ.ਪੀ. ਅਤੇ ਫਾਰਮਾਸਿਸਟ ਇਮਿਊਨਾਈਜ਼ਰ ਸਲਾਹ ਜਾਂ ਪ੍ਰਬੰਧਨ ਦੀ ਫੀਸ ਲੈ ਸਕਦੇ ਹਨ।

### ਸ: ਕੀ ਸਰੀਰਕ ਅਤੇ/ਜਾਂ ਬੌਧਿਕ ਅਸਮਰਥਾ ਵਾਲੇ ਵਿਦਿਆਰਥੀਆਂ ਨੂੰ ਸਕੂਲ ਵਿੱਚ ਟੀਕਾ ਲਗਾਇਆ ਜਾ ਸਕਦਾ ਹੈ?

ਸਰੀਰਕ ਅਤੇ/ਜਾਂ ਬੌਧਿਕ ਅਸਮਰਥਾਵਾਂ ਵਾਲੇ ਜ਼ਿਆਦਾਤਰ ਵਿਦਿਆਰਥੀਆਂ ਦਾ ਸਕੂਲ ਵਿੱਚ ਟੀਕਾਕਰਨ ਕੀਤਾ ਜਾ ਸਕਦਾ ਹੈ। ਹਾਲਾਂਕਿ, ਕੁਝ ਵਿਦਿਆਰਥੀਆਂ ਨੂੰ ਸਕੂਲ ਵਿੱਚ ਕਲੀਨਿਕ ਵਾਲੇ ਦਿਨ ਵਾਧੂ ਸਹਾਇਤਾ ਦੀ ਲੋੜ ਹੋ ਸਕਦੀ ਹੈ, ਜਾਂ ਇੱਕ ਮਾਹਰ ਟੀਕਾਕਰਨ ਕਲੀਨਿਕ ਲਈ ਹਵਾਲੇ (ਰੈਫਰਲ) ਦੀ ਲੋੜ ਹੋ ਸਕਦੀ ਹੈ ਜੋ ਸਖਤ ਨਿਗਰਾਨੀ ਹੇਠ ਟੀਕਾਕਰਨ ਦੀ ਪੇਸ਼ਕਸ਼ ਕਰਦਾ ਹੈ।

ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਬੱਚੇ ਨੂੰ ਵਾਧੂ ਸਹਾਇਤਾ ਜਾਂ ਹਵਾਲੇ ਦੀ ਲੋੜ ਹੈ, ਤਾਂ ਕਿਰਪਾ ਕਰਕੇ ਹੋਰ ਚਰਚਾ ਕਰਨ ਲਈ 1300 066 055 'ਤੇ ਆਪਣੀ ਸਥਾਨਕ ਪਬਲਿਕ ਹੈਲਥ ਯੂਨਿਟ (ਪੀ ਐਚ ਯੂ ) ਨਾਲ ਸੰਪਰਕ ਕਰੋ।

### ਸ: ਮੈਂ ਟੀਕਾਕਰਨ ਦੇ ਰਿਕਾਰਡ ਤੱਕ ਕਿਵੇਂ ਪਹੁੰਚ ਕਰ ਸਕਦਾ/ਸਕਦੀ ਹਾਂ?

ਤੁਹਾਡੇ ਬੱਚੇ ਦੇ ਟੀਕਾਕਰਨ ਬਾਰੇ ਜਾਣਕਾਰੀ ਆਸਟ੍ਰੇਲੀਅਨ ਇਮਯੂਨਾਈਜ਼ੇਸ਼ਨ ਰਜਿਸਟਰ (ਏ ਆਈ ਆਰ) ਵਿੱਚ ਅੱਪਲੋਡ ਕੀਤੀ ਜਾਵੇਗੀ ਤਾਂ ਜੋ ਇਸਨੂੰ ਤੁਹਾਡੇ ਬੱਚੇ ਦੇ ਮੌਜੂਦਾ ਟੀਕਾਕਰਨ ਬਿਓਰੇ ਨਾਲ ਜੋੜਿਆ ਜਾ ਸਕੇ।

ਮਾਪੇ ਆਪਣੇ ਬੱਚੇ ਦੀ 14 ਸਾਲ ਦੀ ਉਮਰ ਤੱਕ, ਕਿਸੇ ਵੀ ਸਮੇਂ ਆਪਣੇ ਬੱਚੇ ਦੇ ਏ ਆਈ ਆਰ ਇਮਯੂਨਾਈਜ਼ੇਸ਼ਨ ਹਿਸਟਰੀ ਸਟੇਟਮੈਂਟ ਦੀ ਕਾਪੀ ਲਈ ਬੇਨਤੀ ਕਰ ਸਕਦੇ ਹਨ, ਅਤੇ 14 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਵਿਦਿਆਰਥੀ ਆਪਣੇ ਖੁਦ ਦੇ ਟੀਕਾਕਰਨ ਹਿਸਟਰੀ ਸਟੇਟਮੈਂਟ ਲਈ ਹੇਠ ਦਿਤੇ ਅਨੁਸਾਰ ਬੇਨਤੀ ਕਰ ਸਕਦੇ ਹਨ:

- ਮੈਡੀਕੇਅਰ ਔਨਲਾਈਨ ਖਾਤੇ ਦੀ myGov my.gov.au/ ਰਾਹੀਂ ਵਰਤੋਂ ਕਰਕੇ/
- ਮੈਡੀਕੇਅਰ ਐਕਸਪ੍ਰੈਸ ਪਲੱਸ ਐਪ ਦੀ ਵਰਤੋਂ ਕਰਦੇ ਹੋਏ www.servicesaustralia.gov.au/express-plus-mobile-apps
- ਏ ਆਈ ਆਰ ਦੀ ਆਮ ਪੁੱਛਗਿੱਛ ਵਾਲੀ ਲਾਈਨ ਨੂੰ 1800 653 809 'ਤੇ ਫ਼ੋਨ ਕਰਕੇ।

ਐਚ ਪੀ ਵੀ ਟੀਕਾਕਰਨ ਪ੍ਰਾਪਤ ਕਰਨ ਵਾਲੀਆਂ ਵਿਦਿਆਰਥਣਾਂ – ਰਜ਼ਾਮੰਦੀ ਫ਼ਾਰਮ ਤੇ ਦਸਤਖ਼ਤ ਕਰਕੇ, ਤੁਸੀਂ ਭਵਿੱਖ ਵਿੱਚ ਰਾਸ਼ਟਰੀ ਸਰਵਾਈਕਲ ਸਕ੍ਰੀਨਿੰਗ ਪ੍ਰੋਗਰਾਮ ਰਜਿਸਟਰ ਨਾਲ ਜੋੜਨ ਲਈ ਆਪਣੇ ਬੱਚੇ ਦੀ ਸਿਹਤ ਦੀ ਜਾਣਕਾਰੀ ਦਾ ਖੁਲਾਸਾ ਕਰਨ ਲਈ ਸਹਿਮਤ ਹੋ ਰਹੇ ਹੋ।

### ਸ: ਮੈਂ ਸਕੂਲੀ ਟੀਕਾਕਰਨ ਬਾਰੇ ਵਧੇਰੇ ਜਾਣਕਾਰੀ ਕਿੱਥੋਂ ਲੈ ਸਕਦਾ/ਸਕਦੀ ਹਾਂ?

ਜ਼ਿਆਦਾ ਜਾਣਕਾਰੀ ਉਪਲੱਬਧ ਹੈ:

- ਐਨ ਐਸ ਡਬਲਯੂ ਹੈਲਥ ਦੀ ਵੈਬਸਾਈਟ www.health.nsw.gov.au/schoolvaccination 'ਤੇ ਜਾ ਕੇ
- ਆਪਣੀ ਸਥਾਨਕ ਜਨਤਕ ਸਿਹਤ ਯੂਨਿਟ ਨਾਲ 1300 066 055

# ਰੋਗ਼ ਵਿਰੋਧੀ ਸਰੀਰਕ ਸੁਰੱਖਿਆ ਦੇ ਹਰੇਕ ਤੱਤਾਂ ਵਾਰੇ ਜਾਣਕਾਰੀ

## ਹਿਊਮੱਨ ਪੇਪੀਲੋਮੇਵਾਇਰਸ (ਐਚ ਪੀ ਵੀ)

### ਇਹ ਬਿਮਾਰੀ ਕੀ ਹੈ ਅਤੇ ਕਿਵੇਂ ਫੈਲਦੀ ਹੈ?

Human papillomavirus (HPV) ਹਿਊਮੱਨ ਪੇਪੀਲੋਮੇਵਾਇਰਸ (ਐਚ ਪੀ ਵੀ) ਇਕ ਵਾਇਰਸ ਹੈ ਜੋ ਮਰਦਾਂ ਅਤੇ ਇਸਤਰੀਆਂ ਦੋਹਾਂ ਨੂੰ ਸਾਂਝੇ ਤੋਰ ਤੇ ਪ੍ਰਭਾਵਿਤ ਕਰਦਾ ਹੈ। ਐਚ ਪੀ ਵੀ ਕਿਸੇ ਪੀੜਿਤ ਵਿਅਕਤੀ ਦੇ ਨਾਲ ਸੰਭੋਗ ਦੌਰਾਣ ਜਿਨਸੀ ਸੰਪਰਕ ਦੇ ਜ਼ਰੀਏ ਫੈਲਦਾ ਹੈ। ਇਹ ਵਾਇਰਸ ਚਮੜੀ ਦੀਆਂ ਛੋਟੀਆਂ ਦਰਾਰਾਂ ਰਾਹੀਂ ਲੰਘਦਾ ਹੈ ਅਤੇ ਖੂਨ ਜਾਂ ਦੂਜੇ ਸਰੀਰ ਦੇ ਤਰਲਾਂ ਰਾਹੀਂ ਨਹੀਂ ਫੈਲਦਾ। ਨਿਰੋਧ ਸੀਮਤ ਸੁਰੱਖਿਆ ਦੀ ਪੇਸ਼ਕਸ਼ ਕਰਦਾ ਹੈ, ਕਿਉਂਕਿ ਇਹ ਸਾਰੇ ਜਣਨ ਅੰਗਾਂ ਵਾਲੀ ਚਮੜੀ ਨੂੰ ਢੱਕਦਾ ਨਹੀਂ।

ਐਚ ਪੀ ਵੀ ਦੀਆਂ ਸਾਰੀਆਂ ਕਿਸਮਾਂ ਵਿੱਚ ਦਿਖਾਈ ਦੇਣ ਵਾਲੇ ਲੱਛਣ ਨਹੀਂ ਹੁੰਦੇ। ਐਚ ਪੀ ਵੀ ਦੀ ਲਾਗ ਵਾਲੇ ਬਹੁਤ ਸਾਰੇ ਲੋਕਾਂ ਨੂੰ ਇਸ ਦੇ ਬਾਰੇ ਪਤਾ ਹੀ ਨਹੀਂ ਹੋਵੇਗਾ।

ਕੁਝ ਐਚ ਪੀ ਵੀ ਕਿਸਮਾਂ ਵਿੱਚ ਸਰੀਰ ਦੇ ਕਿਸੇ ਵੀ ਹਿੱਸੇ 'ਤੇ ਮੱਸੇ ਬਣ ਸਕਦੀਆਂ ਹਨ। ਇਸ ਵਿੱਚ ਜਣਨ ਖੇਤਰ (ਵੁਲਵਾ (ਯੋਨੀ ਦੇ ਬਾਹਰਲਾ ਹਿਸਾ), ਯੋਨੀ ਦੇ ਅੰਦਰ, ਬੱਚੇਦਾਨੀ, ਲਿੰਗ, ਅੰਡਕੋਸ਼, ਗੁਦਾ, ਅਤੇ ਪੈਰੀਨੀਅਮ (ਅੰਡਕੋਸ਼ ਤੇ ਗੁਦਾ ਦੇ ਵਿਚਕਾਰ)) ਦੇ ਖੇਤਰ ਸ਼ਾਮਲ ਹਨ। ਮੱਸੇ ਆਮ ਤੌਰ 'ਤੇ ਦਰਦ ਰਹਿਤ ਹੁੰਦੇ ਹਨ, ਪਰ ਕਈ ਵਾਰ ਖੁਜਲੀ ਜਾਂ ਬੇਅਰਾਮੀ ਦਾ ਕਾਰਨ ਬਣਦੇ ਹਨ। ਐਚ ਪੀ ਵੀ ਦੀਆਂ ਕਿਸਮਾਂ ਜੋ ਮੱਸਿਆਂ ਦਾ ਕਾਰਨ ਬਣਦੀਆਂ ਹਨ ਉਹਨਾਂ ਨੂੰ 'ਘੱਟ ਜੋਖਮ' ਵਾਲਿਆਂ ਕਿਹਾ ਜਾਂਦਾ ਹੈ ਕਿਉਂਕਿ ਉਹ ਕੈਂਸਰ ਨਾਲ ਨਹੀਂ ਜੁੜੀਆਂ ਹੁੰਦੀਆਂ।

ਐਚ ਪੀ ਵੀ ਦੀਆਂ ਹੋਰ ਕਿਸਮਾਂ ਨੂੰ 'ਉੱਚ-ਜੋਖਮ' ਵਾਲੀਆਂ ਕਿਹਾ ਜਾਂਦਾ ਹੈ ਕਿਉਂਕਿ ਉਹ ਕੈਂਸਰ ਤੋਂ ਪਹਿਲਾਂ ਵਾਲੇ ਸੈੱਲਾਂ ਨੂੰ ਵਧਾਉਣ ਦਾ ਕਾਰਨ ਬਣ ਸਕਦੀਆਂ ਹਨ। ਜੇ ਇਲਾਜ ਨਾ ਕੀਤਾ ਜਾਵੇ ਤਾਂ ਇਹ ਸੈੱਲ ਕੈਂਸਰ ਵਿੱਚ ਬਦਲ ਸਕਦੇ ਹਨ।

ਉੱਚ-ਜੋਖਮ ਵਾਲੀ ਐਚ ਪੀ ਵੀ ਦੁਨੀਆਂ ਭਰ ਦੇ ਸਾਰੇ ਕੈਂਸਰਾਂ ਦੇ 5% ਲਈ ਜ਼ਿੰਮੇਵਾਰ ਹੈ, ਜਿਸ ਵਿੱਚ ਸ਼ਾਮਲ ਹਨ:

- ਸਰਵੀਕਲ ਕੈਂਸਰ ਅਤੇ ਜਣਨ ਅੰਗਾਂ ਦੇ ਵਿਚ ਗੱਠਾਂ ਦੇ ਲਗਭਗ ਸਾਰੇ ਕੇਸ
- 90% ਗੁਦਾ ਦੇ ਕੈਂਸਰ
- 78% ਯੋਨੀ ਕੈਂਸਰ
- 60% ਓਰੋਫੈਰਿਨਜੀਅਲ ਕੈਂਸਰ (ਗਲੇ, ਜੀਭ, ਅਤੇ ਟੌਨਸਿਲਜ਼ ਦੇ ਪਿਛਲੇ ਹਿੱਸੇ ਦੇ ਕੈਂਸਰ)
- 25% ਯੋਨੀ ਦੇ ਬਾਹਰ ਦੇ ਕੈਂਸਰ
- 50% ਪੁਰਸ਼ ਇੰਦਰੀ ਦੇ ਕੈਂਸਰ

ਮਰਦਾਂ ਦੇ ਟੀਕਾਕਰਨ ਨਾਲ ਜਣਨ-ਅੰਗਾਂ ਦੇ ਵਿਚ ਗੱਠਾਂ ਅਤੇ ਮਰਦਾਂ ਦੇ ਕੈਂਸਰਾਂ ਨੂੰ ਰੋਕਿਆ ਜਾ ਸਕਦਾ ਹੈ ਅਤੇ ਇਹ ਔਰਤਾਂ ਨੂੰ ਸਰਵੀਕਲ ਕੈਂਸਰ ਤੋਂ ਬਚਾਣ ਵਿਚ ਮਦਦ ਕਰੇਗਾ।

### ਕਿਹੜਾ ਟੀਕਾਕਰਨ ਵਰਤਿਆ ਜਾਵੇਗਾ?

ਇਕ ਐਚ ਪੀ ਵੀ ਟੀਕਾ (ਵੈਕਸੀਨ) ਜੋ 9 ਐਚ ਪੀ ਵੀ ਕਿਸਮਾਂ (6, 11, 16, 18, 31, 33, 45, 52 ਅਤੇ 58) ਦੇ ਖਿਲਾਫ਼ ਸੁਰੱਖਿਆ ਪ੍ਰਦਾਨ ਕਰਦਾ ਹੈ।

### ਮੇਰੇ ਬੱਚੇ ਨੂੰ ਕਿੰਨੀਆਂ ਐਚ ਪੀ ਵੀ ਖੁਰਾਕਾਂ ਦੀ ਲੋੜ ਹੈ?

ਅੰਤਰਰਾਸ਼ਟਰੀ ਖੋਜ ਦਰਸਾਉਂਦੀ ਹੈ ਕਿ ਕਿਸੇ ਵੀ ਐਚ ਪੀ ਵੀ ਵੈਕਸੀਨ ਦੀ ਇੱਕ ਖੁਰਾਕ ਹੀ ਦੋ-ਖੁਰਾਕਾਂ ਦੇ ਕੋਰਸ ਦੇ ਬਰਾਬਰ ਸੁਰੱਖਿਆ ਪ੍ਰਦਾਨ ਕਰਦੀ ਹੈ। ਇਸ ਸਬੂਤ ਦੇ ਅਧਾਰ 'ਤੇ, ਆਸਟ੍ਰੇਲੀਅਨ ਟੈਕਨੀਕਲ ਐਡਵਾਈਜ਼ਰੀ ਗਰੁੱਪ ਔਨ ਇਮਯੂਨਾਈਜ਼ੇਸ਼ਨ (ATAGI) ਨੇ ਸਿਫ਼ਾਰਿਸ਼ ਕੀਤੀ ਹੈ ਕਿ ਆਸਟ੍ਰੇਲੀਆ ਨੂੰ 2023 ਵਿੱਚ ਇੱਕ ਖੁਰਾਕ ਵਾਲੀ ਐਚ ਪੀ ਵੀ ਵੈਕਸੀਨ ਸੂਚੀ ਵਿੱਚ ਤਬਦੀਲ ਕੀਤਾ ਜਾਵੇ।

ਕੁਝ ਕਿਸ਼ੋਰਾਂ ਨੂੰ ਜੋ ਮਹੱਤਵਪੂਰਨ ਤੌਰ 'ਤੇ ਇਮਿਊਨੋਕੰਪਰੋਮਾਈਜ਼ਡ (ਕਮਜ਼ੋਰ ਪ੍ਰਤੀਰੋਧਕ ਪ੍ਰਣਾਲੀ ਵਾਲੇ) ਹਨ, ਨੂੰ ਆਪਣੇ ਜੀ ਪੀ ਜਾਂ ਵੈਕਸੀਨ ਦੇਣ ਵਾਲੇ ਫਾਰਮਾਸਿਸਟ ਕੋਲੋਂ ਐਚ ਪੀ ਵੀ ਵੈਕਸੀਨ ਦੀਆਂ ਤਿੰਨ ਖੁਰਾਕਾਂ ਲੈਣ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ। ਇੱਕ 3 ਖੁਰਾਕ ਅਨੁਸੂਚੀ ਲਈ ਖੁਰਾਕ 1 ਅਤੇ ਖੁਰਾਕ 2 ਦੇ ਵਿਚਕਾਰ 2 ਮਹੀਨੇ, ਅਤੇ ਖੁਰਾਕ 2 ਅਤੇ ਖੁਰਾਕ 3 ਦੇ ਵਿਚਕਾਰ 4 ਮਹੀਨਿਆਂ ਦੇ ਅੰਤਰਾਲ ਦੀ ਲੋੜ ਹੁੰਦੀ ਹੈ।

ਬਹੁਤ ਜਿਆਦਾ ਇਮਯੂਨੋਕੋਮਪ੍ਰੋਮਾਈਜ਼ (ਕਮਜੋਰ ਪ੍ਰਤੀਰੋਧਕ ਪ੍ਰਣਾਲੀ) ਉਹਨਾਂ ਨੂੰ ਕਿਹਾ ਜਾਂਦਾ ਹੈ:

- ਪ੍ਰਾਇਮਰੀ ਜਾਂ ਸੈਕੰਡਰੀ ਇਮਿਊਨ-ਸਿਸਟਮ (ਪ੍ਰਤੀਰੋਧਕ ਪ੍ਰਣਾਲੀ) ਵਿਚ ਕਮੀ (ਬੀ ਲਿਮਫੋਸਾਈਟ ਐਂਟੀਬੌਡੀ ਅਤੇ ਟੀ ਲਿਮਫੋਸਾਈਟ ਵਿਚ ਮੁਕੰਮਲ ਕਮੀ ਜਾਂ ਕੁਝ ਕਮੀਆਂ)
- ਐਚ ਆਈ ਵੀ ਦੀ ਲਾਗ
- ਕੈਂਸਰ ਨਾਲ ਪੀੜਿਤ ਲੋਕ
- ਅੰਗ ਟ੍ਰਾਂਸਪਲਾਂਟੇਸ਼ਨ (ਬਦਲਾਵ)
- ਆਟੋਇਮਿਊਨ ਰੋਗ
- ਮਹੱਤਵਪੂਰਣ ਇਮਯੂਨੋਸੱਪਪਰੈਸਿਵ ਥੈਰੇਪੀ (ਏਸਪਲੈਨਿਆ ਜਾਂ ਹਾਈਪੌਸਪਲੇਨਿਆ ਨੂੰ ਛੱਡਕੇ)।

### ਟੀਕਾਕਰਨ ਕਿਸ ਨੂੰ ਲਗਵਾਉਣਾ ਚਾਹੀਦਾ ਹੈ?

7ਵੀ ਕਲਾਸ ਦੇ ਸਾਰੇ ਵਿਦਿਆਰਥੀਆਂ ਨੂੰ ਐਚ ਪੀ ਵੀ ਵੈਕਸੀਨ ਦਾ ਇੱਕ ਖੁਰਾਕ ਵਾਲਾ ਕੋਰਸ ਲੈਣਾ ਚਾਹੀਦਾ ਹੈ।

ਟੀਕਾ ਕਰਵਾ ਚੁਕੀਆਂ ਔਰਤਾਂ ਦੇ ਲਈ ਨਿਯਮਤ ਸਰਵਾਈਕਲ ਸਕ੍ਰੀਨਿੰਗ (ਜਿਸਨੂੰ ਪਹਿਲਾਂ ਪੈਪ ਸਮੀਅਰ ਟੈਸਟ ਕਿਹਾ ਜਾਂਦਾ ਸੀ) ਕਰਵਾਉਣਾ ਹਾਲੇ ਵੀ ਜ਼ਰੂਰੀ ਹੈ ਕਿਉਂਕਿ ਐਚ ਪੀ ਵੀ ਦਾ ਟੀਕਾ ਉਹਨਾਂ ਸਾਰੀਆਂ ਐਚ ਪੀ ਵੀ ਦੀਆਂ ਕਿਸਮਾਂ ਦੇ ਲਈ ਸੁਰੱਖਿਆ ਪ੍ਰਦਾਨ ਨਹੀਂ ਕਰਦਾ ਜੋ ਕਿ ਸਰਵਾਈਕਲ ਕੈਂਸਰ ਕਰ ਸਕਦੀਆਂ ਹਨ।

25 ਸਾਲ ਜਾਂ ਵੱਧ ਉਮਰ ਵਾਲੀਆਂ ਸਾਰੀਆਂ ਔਰਤਾਂ ਜੋ ਕਦੇ ਵੀ ਜਿਨਸੀ ਤੌਰ ਤੇ ਸਰਗਰਮ ਰਹੀਆਂ ਹਨ ਉਹਨਾਂ ਲਈ ਹਰ 5 ਸਾਲਾਂ ਵਿੱਚ ਇੱਕ ਸਰਵਾਈਕਲ ਸਕ੍ਰੀਨਿੰਗ ਟੈਸਟ ਹੋਣਾ ਚਾਹੀਦਾ ਹੈ, ਭਾਵੇਂ ਕਿ ਉਹਨਾਂ ਨੇ ਐਚ ਪੀ ਵੀ ਟੀਕਾਕਰਨ ਕੀਤਾ ਹੈ ਜਾਂ ਨਹੀਂ।

### ਇਹ ਟੀਕਾਕਰਨ ਕਿਸਨੂੰ ਨਹੀਂ ਲਾਇਆ ਜਾਣਾ ਚਾਹੀਦਾ?

ਐਚ ਪੀ ਵੀ ਸਰੀਰਕ ਸੁਰੱਖਿਆ ਟੀਕੇ ਦੇ ਤੱਤ ਵਿਅਕਤੀਆਂ ਨੂੰ ਨਹੀਂ ਦੇਣੇ ਚਾਹੀਦੇ ਜਿਹੜੇ:

- ਗਰਭਧਾਰੀ ਹਨ ਜਾਂ ਹੋ ਸਕਦੇ ਹਨ
- ਜਿਹਨਾਂ ਨੂੰ ਪਹਿਲਾਂ ਸਰੀਰਕ ਸੁਰੱਖਿਆ ਟੀਕੇ ਦੇ ਤੱਤ ਦੀ ਪਹਿਲੀ ਖ਼ੁਰਾਕ ਲੈਣ ਨਾਲ ਐਨਾਫ਼ਾਈਲੈਕਸਿਸ ਹੋਇਆ ਸੀ
- ਖਮੀਰ ਤੋਂ ਐਨਾਫ਼ਾਈਲੈਕਸਿਸ ਹੋ ਚੁੱਕਾ ਹੈ।
- ਸਰੀਰਕ ਸੁਰੱਖਿਆ ਟੀਕਾ ਤੱਤਾਂ ਦੇ ਕਿਸੇ ਵੀ ਹਿਸੇ ਨੂੰ ਲੈਣ ਉਪਰੰਤ ਐਨਾਫ਼ਾਈਲੈਕਸਿਸ ਹੋਇਆ ਸੀ (ਹੇਠਾਂ ਦੇਖੋ)

### ਟੀਕੇ ਦੇ ਤੱਤਾਂ ਵਿੱਚ ਕਿਹੜੇ ਵਾਧੂ ਪਦਾਰਥ ਹਨ?

ਵੈਕਸੀਨ ਵਿੱਚ ਬਹੁਤ ਘੱਟ ਮਾਤਰਾ ਵਿੱਚ ਵਾਧੂ ਪਦਾਰਥ ਸ਼ਾਮਲ ਹੁੰਦੇ ਹਨ ਤਾਂ ਜੋ ਜਾਂ ਤਾਂ ਵੈਕਸੀਨ ਨੂੰ ਕੰਮ ਕਰਨ ਵਿੱਚ ਸਹਾਇਤਾ ਕੀਤੀ ਜਾ ਸਕੇ ਜਾਂ ਇਸ ਨੂੰ ਸੁਰੱਖਿਅਤ ਰੱਖਣ ਵਿਚ ਮਦਦ ਕਰਦੇ ਹਨ। ਇਹਨਾਂ ਵਿੱਚ ਖਮੀਰ, ਐਲੂਮੀਨੀਅਮ ਐਡਜੁਵੇਂਟ, ਸੋਡੀਅਮ ਕਲੋਰਾਈਡ, ਐਲ-ਹਿਸਟਿਡਾਈਨ, ਪੋਲਿਸੋਰਬੇਟ ਅਤੇ ਸੋਡੀਅਮ ਬੋਰੇਟ ਸ਼ਾਮਲ ਹਨ।

### ਟੀਕਾ ਕਿੰਨਾਂ ਅਸਰਕਾਰੀ ਹੈ?

ਇਹ ਟੀਕਾ ਉੱਚ ਖਤਰੇ ਵਾਲੀਆਂ ਐਚ ਪੀ ਵੀ ਕਿਸਮਾਂ ਦੇ ਵਿਰੁੱਧ ਰੱਖਿਆ ਕਰਦਾ ਹੈ ਜੋ ਔਰਤਾਂ ਦੇ 90% ਤੋਂ ਵੱਧ ਸਰਵਾਈਕਲ ਕੈਂਸਰਾਂ ਦਾ ਕਾਰਨ ਬਣਦੀਆਂ ਹਨ ਅਤੇ ਇਹ ਹੋਰ ਐਚ ਪੀ ਵੀ ਕਿਸਮਾਂ ਦੇ ਵਿਰੁੱਧ ਵੀ ਰੱਖਿਆ ਕਰਦਾ ਹੈ ਜਿਸ ਨਾਲ ਮਰਦਾਂ ਵਿੱਚ ਕੈਂਸਰ ਪੈਦਾ ਹੁੰਦੇ ਹਨ। ਇਹ ਟੀਕਾ ਵਧੀਆ ਸੁਰੱਖਿਆ ਉਦੋਂ ਦੇਂਦਾ ਹੈ ਜਦੋਂ ਇਸਨੂੰ ਛੋਟੀ ਉਮਰ ਵਿੱਚ ਦਿੱਤਾ ਜਾਂਦਾ ਹੈ ਅਤੇ ਜਦੋਂ ਇਹ ਕਿਸੇ ਨੂੰ ਉਹਨਾਂ ਦੇ ਜਿਨਸੀ ਕਿਰਿਆਸ਼ੀਲ ਹੋਣ ਤੋਂ ਪਹਿਲਾਂ ਦਿੱਤਾ ਜਾਂਦਾ ਹੈ।

ਰਾਸ਼ਟਰੀ ਐਚ ਪੀ ਵੀ ਟੀਕਾਕਰਨ ਪ੍ਰੋਗਰਾਮ (ਔਰਤਾਂ ਲਈ 2007 ਅਤੇ ਮਰਦਾਂ ਲਈ 2013 ਵਿੱਚ) ਦੀ ਸ਼ੁਰੂਆਤ ਤੋਂ ਬਾਅਦ:

- ਵੈਕਸੀਨ ਦੇ ਯੋਗ ਉਮਰ ਸਮੂਹਾਂ ਵਿੱਚ ਉੱਚ-ਪੱਧਰ ਵਾਲੀਆਂ ਸਰਵਾਈਕਲ ਅਸਧਾਰਨਤਾਵਾਂ ਲਗਭਗ 50% ਘਟੀਆਂ
- ਨੌਜਵਾਨਾਂ (21 ਸਾਲ ਤੋਂ ਘੱਟ) ਵਿੱਚ ਜਣਨ ਖ਼ੇਤਰਾਂ ਦੇ ਮੱਸੇ 90% ਘਟੇ।

ਤਾਜ਼ਾ ਖੋਜ ਦਰਸਾਉਂਦੀ ਹੈ ਕਿ ਟੀਕਾ ਲਗਾਏ ਜਾਣ ਤੋਂ 10 ਸਾਲਾਂ ਬਾਅਦ ਵੀ 100% ਦੇ ਨੇੜੇ ਸੁਰੱਖਿਆ ਪ੍ਰਦਾਨ ਕਰਦਾ ਹੈ। ਜਿਵੇਂ ਕਿ ਸਰਵਾਈਕਲ ਕੈਂਸਰ ਆਮ ਤੌਰ ਤੇ 10 ਜਾਂ ਵੱਧ ਸਾਲਾਂ ਵਿੱਚ ਵਿਕਸਤ ਹੁੰਦਾ ਹੈ, ਸਰਵਾਈਕਲ ਕੈਂਸਰ ਨੂੰ ਘਟਾਉਣ ਵਿੱਚ ਟੀਕੇ ਦੀ ਭੂਮਿਕਾ ਕੁਝ ਸਮੇਂ ਲਈ ਸਪੱਸ਼ਟ ਨਹੀਂ ਹੋਵੇਗੀ।

# ਰੋਗ਼ ਵਿਰੋਧੀ ਸਰੀਰਕ ਸੁਰੱਖਿਆ ਦੇ ਹਰੇਕ ਤੱਤਾਂ ਵਾਰੇ ਜਾਣਕਾਰੀ

## ਡਿਫ਼ਥੀਰੀਆ–ਟੈਟਨੱਸ–ਪਰਟੂਸ਼ਿਸ (ਡੀ ਟੀ ਪੀ ਏ)

### ਇਹ ਬਿਮਾਰੀ ਕੀ ਹੈ ਅਤੇ ਕਿਵੇਂ ਫੈਲਦੀ ਹੈ ?

**ਡਿਫ਼ਥੀਰੀਆ** ਛੂਹ ਨਾਲ ਹੋਣ ਵਾਲਾ ਅਤੇ ਰੋਗ਼ਾਣੂਆਂ ਦੀ ਛੂਹ ਨਾਲ ਜੀਵਨ ਨੂੰ-ਖ਼ਤਰੇ ਦੀ ਸੰਭਵਾਨਾ ਹੋ ਸਕਣ ਵਾਲਾ ਰੋਗ਼ ਹੈ ਜਿਸ ਨਾਲ ਸਾਹ ਲੈਣ ਵਿੱਚ ਸਖਤ ਕਠਨਾਈਆਂ, ਦਿਲ ਦਾ ਫ਼ੇਲ੍ਹ ਹੋਣਾ ਅਤੇ ਨੱਸਾਂ ਦਾ ਨੁਕਸਾਨ ਹੁੰਦਾ ਹੈ। ਪ੍ਰਭਾਵਤ ਵਿਅਕਤੀ ਦੇ ਖੰਘਣ ਜਾਂ ਛਿੱਕਾਂ ਮਾਰਨ ਤੋਂ ਬਾਅਦ ਲੋਕ ਸਾਹ ਅੰਦਰ ਖਿੱਚਣ ਨਾਲ, ਜਾਂ ਪ੍ਰਭਾਵਤ ਵਿਅਕਤੀ ਦੇ ਮੂੰਹ, ਨੱਕ, ਗਲਾ ਜਾਂ ਚਮੜੀ ਤੋਂ ਨਿਕਾਸੇ ਪਦਾਰਥਾਂ ਨਾਲ ਨਜ਼ਦੀਕੀ ਛੂਹ ਕਰਨ ਕਰਕੇ ਲੋਕਾਂ ਨੂੰ ਡਿਫ਼ਥੀਰੀਆ ਦਾ ਰੋਗ਼ ਲੱਗ ਸਕਦਾ ਹੈ।

**ਟੈਟਨੱਸ** ਇੱਕ ਕਠੋਰ, ਨੱਸ ਜਾਂ ਰੱਗ ਪ੍ਰਨਾਲੀ ਲਈ ਅਕਸਰ ਘਾਤਕ ਰੋਗ਼ ਹੈ। ਰੋਗ਼ੀ ਵਿਅਕਤੀ ਪੱਠਿਆਂ ਦੇ ਮਰੋੜਾਂ ਦੀ ਕਠੋਰ ਪੀੜ, ਸਰੀਰਕ ਬੇਕਾਬੂ ਤੇਜ਼ ਝੱਟਕੇ ਅਤੇ ਦੰਦਲਾਂ ਪੈਣ ਦੇ ਦੁਖ ਭੋਗਦਾ ਹੈ। ਆਧੁਨਿਕ ਜ਼ੋਰਦਾਰ ਦੇਖਭਾਲ ਦੇ ਬਾਵਜੂਦ ਵੀ 10 ਵਿੱਚੋਂ ਤਕਰੀਬਨ ਇੱਕ ਵਿਅਕਤੀ ਮਰ ਜਾਂਦਾ ਹੈ। ਟੈਟਨੱਸ ਰੋਗ਼ਾਣੂਆਂ ਰਾਹੀਂ ਹੁੰਦਾ ਹੈ ਜੋ ਮਿੱਟੀ ਵਿੱਚ ਮਿਲਦੇ ਹਨ ਅਤੇ ਇਹ ਲਾਗ ਵਡੀ ਸੱਟ ਜਾਂ ਛੋਟੇ ਜਿਹੇ ਜਖ਼ਮਾਂ ਤੋਂ ਹੋ ਸਕਦੀ ਹੈ। (ਕਈ ਵਾਰੀਂ ਬੇਧਿਆਨੇ ਚਮੜੀ ਦੇ ਫੱਟ ਜੋ ਕੀ ਮਿੱਟੀ, ਧੂੜ ਜਾਂ ਰੂੜੀ ਨਾਲ ਮਲੀਨ ਹਨ)।

**ਪਰਟੂਸ਼ਿਸ** (ਵੂੱਪਿੰਗ ਕੱਫ਼) ਇੱਕ ਬਹੁਤ ਹੀ ਛੂਤ ਗ੍ਰਸਤ ਰੋਗ਼ਾਣੂਆਂ ਰਾਹੀ ਹੋਣ ਵਾਲਾ ਅਜਿਹਾ ਰੋਗ਼ ਹੈ ਜਿਸ ਨਾਲ ਥੋੜੇ ਥੋੜੇ ਸਮਿਆਂ ਲਈ ਬਹੁਤ ਹੀ ਖੰਘ ਆਉਂਦੀ ਹੈ। ਨੌਜਵਾਨਾਂ ਅਤੇ ਬਾਲਗ਼ਾਂ ਨੂੰ ਤੰਗ ਕਰਨ ਵਾਲੀ ਇਹ ਖੰਘ 3 ਮਹੀਨਿਆਂ ਤੱਕ ਹੋ ਸਕਦੀ ਹੈ। ਛੋਟੇ ਛੋਟੇ ਸਮਿਆਂ ਲਈ ਸਖਤ ਖੰਘ ਕਰਕੇ ਉਲਟੀਆਂ, ਪਸਲੀ ਦੇ ਟੋਟੇ, ਛੋਟੀਆਂ ਖ਼ੂਨ ਨਾੜੀਆਂ ਦਾ ਫੱਟਣਾ ਅਤੇ ਹਰਨੀਆ ਰੋਗ਼ ਹੋ ਸਕਦੇ ਹਨ। ਛੇ ਮਹੀਨਿਆਂ ਤੋਂ ਘੱਟ ਉਮਰ ਦੇ ਉਹਨਾਂ ਬੱਚਿਆਂ ਵਿੱਚੋਂ ਜਿਹਨਾਂ ਨੂੰ ਕਿਸੇ ਛੂਤ ਗ੍ਰਸਤ ਵਿਅਕਤੀ ਤੋਂ ਵੂੱਪਿੰਗ ਕੱਫ਼ ਦਾ ਰੋਗ਼ ਲੱਗ ਜਾਦਾਂ ਹੈ ਅਜਿਹੇ 125 ਬੱਚਿਆਂ ਵਿੱਚੋਂ ਤਕਰੀਬਨ ਇੱਕ ਬੱਚਾ ਨਿਮੋਨੀਆ ਜਾਂ ਦਿਮਾਗ਼ੀ ਨੁਕਸਾਨ ਕਰਕੇ ਮਰ ਜਾਂਦਾ ਹੈ। ਕਾਲੀ ਖਾਂਸੀ ਦੂਸਰੇ ਲੋਕਾਂ ਤੱਕ ਛਿੱਕਾਂ ਜਾਂ ਖੰਘ ਨਾਲ ਬਣੇ ਬਰੀਕ ਬਰੀਕ ਤਰੁੱਪਕਿਆਂ ਰਾਹੀਂ ਫੈਲਦੀ ਹੈ। ਇਲਾਜ ਤੋਂ ਬਗ਼ੈਰ, ਕਾਲੀ ਖਾਂਸੀ ਦਾ ਰੋਗ਼ੀ ਖੰਘ ਸ਼ੁਰੂ ਹੋਣ ਤੋਂ ਬਾਅਦ ਇਸਦਾ ਫੈਲਾਅ ਦੂਸਰੇ ਲੋਕਾਂ ਨੂੰ ਤਿੰਨ ਹਫ਼ਤਿਆਂ ਤੱਕ ਕਰ ਸਕਦਾ ਹੈ।

### ਕਿਹੜਾ ਟੀਕਾਕਰਨ ਵਰਤਿਆ ਜਾਵੇਗਾ ?

ਡਿਪਥੀਰੀਆ, ਟੈਟਨਸ ਅਤੇ ਕਾਲੀ ਖਾਂਸੀ ਦੇ ਵਿਰੁੱਧ ਸੁਰੱਖਿਆ ਪ੍ਰਦਾਨ ਕਰਨ ਲਈ ਇੱਕ ਇੱਕਠੇ ਟੀਕੇ (ਡੀ ਟੀਪੀਏ) ਦੀ ਪੇਸ਼ਕਸ਼ ਕੀਤੀ ਜਾਵੇਗੀ, ਜੋ ਡਿਪਥੀਰੀਆ-ਟੈਟਨਸ-ਕਾਲੀ ਖਾਂਸੀ ਤੋਂ ਸੁਰੱਖਿਆ ਦੇਵੇਗਾ। ਬਚਪਨ ਵਿੱਚ ਲੱਗੇ ਡਿਪਥੀਰੀਆ-ਟੈਟਨਸ-ਕਾਲੀ ਖੰਘ ਵਾਲੇ ਟੀਕਿਆਂ ਦੇ ਬਾਅਦ ਇਹ ਬੂਸਟਰ ਦਾ ਟੀਕਾ ਬਾਲਗਾਂ ਵਿੱਚ ਪ੍ਰਤੀਰੋਧਕ ਸੁਰੱਖਿਆ ਬਣਾਈ ਰੱਖਣ ਲਈ ਜ਼ਰੂਰੀ ਹੈ। ਜਿਹਨਾਂ ਬੱਚਿਆਂ ਨੇ ਪਹਿਲਾਂ ਹੀ ਡਿਫ਼ਥੀਰੀਆ-ਟੈਟਨੱਸ ਦਾ ਟੀਕਾ (ਏ ਡੀ ਟੀ) ਲੁਆ ਲਿਆ ਸੀ, ਉਹ ਵੀ ਕਾਲੀ ਖ਼ਾਂਸੀ ਦੇ ਬਚਾਅ ਲਈ ਡੀ ਟੀ ਪੀਏ ਦਾ ਟੀਕਾ ਲੁਆ ਸਕਦੇ ਹਨ।

### ਟੀਕਾਕਰਨ ਕਿਸ ਨੂੰ <u>ਲਗਵਾਉਣਾ</u> ਚਾਹੀਦਾ ਹੈ ?

7ਵੇਂ ਸਾਲ ਦੇ ਸਾਰੇ ਵਿਦਿਆਰਥੀਆਂ ਨੂੰ ਡੀ ਟੀ ਪੀਏ ਟੀਕੇ ਦੀ ਬੂਸਟਰ ਖ਼ੁਰਾਕ ਲੈਣੀ ਚਾਹੀਦੀ ਹੈ।

### ਇਹ ਟੀਕਾਕਰਨ ਕਿਸਨੂੰ <u>ਨਹੀਂ ਲਾਇਆ ਜਾਣਾ</u> ਚਾਹੀਦਾ ?

ਡੀ ਟੀ ਪੀ ਏ ਵਿਰੋਧੀ ਸਰੀਰਕ ਸੁਰੱਖਿਆ ਟੀਕੇ ਦੇ ਤੱਤ ਉਹਨਾਂ ਲੋਕਾਂ ਨੂੰ ਨਹੀਂ ਦੇਣੇ ਚਾਹੀਦੇ:

- ਜਿਹਨਾਂ ਨੂੰ ਪਹਿਲਾਂ ਸਰੀਰਕ ਸੁਰੱਖਿਆ ਟੀਕੇ ਦੇ ਤੱਤ ਦੀ ਪਹਿਲੀ ਖ਼ੁਰਾਕ ਲੈਣ ਨਾਲ ਐਨਾਫ਼ਾਈਲੈਕਸਿਸ ਹੋਇਆ ਸੀ
- ਸਰੀਰਕ ਸੁਰੱਖਿਆ ਟੀਕਾ ਤੱਤਾਂ ਦੇ ਕਿਸੇ ਵੀ ਹਿਸੇ ਨੂੰ ਲੈਣ ਉਪਰੰਤ ਐਨਾਫ਼ਾਈਲੈਕਸਿਸ ਹੋਇਆ ਸੀ (ਹੇਠਾਂ ਦੇਖੋ)

### ਟੀਕੇ ਦੇ ਤੱਤਾਂ ਵਿੱਚ ਕਿਹੜੇ ਵਾਧੂ ਪਦਾਰਥ ਹਨ ?

ਟੀਕੇ ਦੇ ਤੱਤਾਂ ਵਿੱਚ ਐਲੂਮੀਨੀਅਮ ਅਤੇ ਫਾਸਫੇਟ, ਫੋਰਮੇਲਡੀਹਾਇਡ ਦੀ ਬਹੁਤ ਥੋੜੀ ਮਿਕਦਾਰ ਵਿੱਚ ਪੌਲੀਸੋਰਬੇਟ 80 ਅਤੇ ਗਲੀਸਰੀਨ ਹੁੰਦੇ ਹਨ, ਟੀਕਾ ਬਣਾਉਂਦੇ ਸਮੇਂ ਇਹ ਗੋਕੇ ਲਹੂ ਦੇ ਪ੍ਰੋਟੀਨ ਨਾਲ ਬਣੀ ਸਮੱਗਰੀ ਦੇ ਸੰਪਰਕ ਵਿੱਚ ਆਇਆ ਸੀ।

### ਟੀਕਾ ਕਿੰਨਾਂ ਅਸਰਕਾਰੀ ਹੈ ?

ਇਹ ਟੀਕਾ ਡਿਪਥਿਰਿਆ ਅਤੇ ਟੈਟਨਸ ਨੂੰ ਰੋਕਣ ਵਿਚ ਬਹੁੱਤ ਅਸਰਦਾਰ ਹੈ ਅਤੇ ਕਾਲੀ ਖਾਂਸੀ ਨੂੰ ਰੋਕਣ ਵਿਚ 80% ਅਸਰਦਾਰ ਹੈ।

# ਗੋਪਨੀਯਤਾ ਬਿਆਨ

## ਸਾਡੀਆਂ ਜ਼ੁੰਮੇਵਾਰੀਆਂ

ਅਸੀਂ ਗੋਪਨੀਯ ਕਾਨੂੰਨ ਦੇ ਅਨੁਸਾਰ ਤੁਹਾਡੀ ਵਿਅਕਤੀਗਤ ਜਾਣਕਾਰੀ ਦੀ ਸੰਭਾਲ ਕਰਨ ਲਈ ਵਚਨਬੱਧ ਹਾਂ।

ਇਹ ਬਿਆਨ ਦੱਸਦਾ ਹੈ ਕਿ ਅਸੀਂ ਤੁਹਾਡੀ ਅਤੇ ਤੁਹਾਡੇ ਬੱਚੇ ਬਾਰੇ ਨਿੱਜੀ ਜਾਣਕਾਰੀ ਕਿਵੇਂ ਅਤੇ ਕਿਉਂ ਇਕੱਠੀ ਕਰਦੇ ਹਾਂ, ਤੁਸੀਂ ਆਪਣੀ ਜਾਣਕਾਰੀ ਕਿਵੇਂ ਹਾਸਲ ਕਰ ਸਕਦੇ ਹੋ ਅਤੇ ਤੁਹਾਡੀ ਜਾਣਕਾਰੀ ਐਨ.ਐਸ.ਡਬਲਯੂ ਦੀ ਜਨ ਸਿਹਤ ਸੇਵਾ ਦੇ ਅੰਦਰ ਕਿਵੇਂ ਵਰਤੀ ਜਾ ਸਕਦੀ ਹੈ ਜਾਂ ਦੂਜੀਆਂ ਧਿਰਾਂ ਨੂੰ ਕਿਵੇਂ ਦਿਤੀ ਜਾ ਸਕਦੀ ਹੈ। ਤੁਹਾਡੀ ਨਿੱਜੀ ਜਾਣਕਾਰੀ ਵਿੱਚ ਤੁਹਾਡੇ ਅਤੇ ਤੁਹਾਡੇ ਬੱਚੇ ਵਾਰੇ ਨਿੱਜੀ ਵੇਰਵੇ ਅਤੇ ਤੁਹਾਡੇ ਬੱਚੇ ਦੀ ਟੀਕਾਕਰਨ ਨਾਲ ਜੁੜੀ ਨਿੱਜੀ ਸਿਹਤ ਜਾਣਕਾਰੀ ਹੁੰਦੀ ਹੈ।

## ਇੱਕਠੀ ਕਰਨਾ

ਨਿੱਜੀ ਵਿਸਤਾਰ ਇਕੱਠਾ ਕੀਤਾ ਜਾਂਦਾ ਹੈ ਤਾਂ ਜੋ ਤੁਹਾਡੇ ਬੱਚੇ ਨੂੰ ਟੀਕਿਆਂ ਰਾਹੀਂ ਰੋਗਾਂ ਵਿਰੁੱਧ ਸਰੀਰਕ ਸੁਰੱਖਿਆ ਪ੍ਰਦਾਨ ਕਰਨ ਦੀ ਵਿੱਧੀ ਲਈ ਓਚਿੱਤ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਸਕਣ

ਕੇਵਲ ਉਹੀ ਜਾਣਕਾਰੀ ਇਕੱਠੀ ਕੀਤੀ ਜਾਂਦੀ ਹੈ ਜੋ ਤੁਹਾਡੇ ਬੱਚੇ ਨੂੰ ਟੀਕਿਆਂ ਰਾਹੀਂ ਰੋਗਾਂ ਵਿਰੁੱਧ ਸਰੀਰਕ ਸੁਰੱਖਿਆ ਪ੍ਰਦਾਨ ਕਰਨ ਦੀ ਵਿੱਧੀ ਦੇ ਪ੍ਰਬੰਧ ਕਰਨ ਲਈ ਢੁਕਵੀਂ ਅਤੇ ਜਰੂਰੀ ਹੈ।

ਜਿਥੇ ਸੰਭਵ ਹੋਵੇ, ਜਾਣਕਾਰੀ ਤੁਹਾਡੇ ਅਤੇ ਤੁਹਾਡੇ ਬੱਚੇ ਤੋਂ ਸਿੱਧੇ ਤੌਰ ਤੇ ਇਕੱਠੀ ਕੀਤੀ ਜਾਂਦੀ ਹੈ। ਤੁਹਾਡੇ ਬੱਚੇ ਦੇ ਸਕੂਲ ਅਤੇ ਦੂਸਰੇ ਸਿਹਤ ਪੇਸ਼ਾਵਰਾਂ, ਜੋ ਤੁਹਾਡੇ ਬੱਚੇ ਦਾ ਇਲਾਜ ਕਰਦੇ ਹਨ, ਤੋਂ ਵੀ ਜਾਣਕਾਰੀ ਇਕੱਠੀ ਕਰਨ ਦੀ ਜਰੂਰਤ ਹੋ ਸਕਦੀ ਹੈ।ਇਕ ਸੰਕਟ ਵਿੱਚ, ਜਾਣਕਾਰੀ ਪਰਵਾਰ ਦੇ ਕੋਈ ਹੋਰ ਜੀਅ, ਦੋਸਤ, ਰੱਖਵਾਲਕ ਜਾਂ ਦੂਸਰੇ ਵਿਅਕਤੀ ਤੋਂ ਵੀ ਇਕੱਠੀ ਕਰਨ ਦੀ ਲੋੜ ਹੋ ਸਕਦੀ ਹੈ ਤਾਂ ਜੋ ਉਹ ਤੁਹਾਡੇ ਬੱਚੇ ਨੂੰ ਸੱਭ ਤੋਂ ਉਤਮ ਸਾਂਭ ਸੰਭਾਲ ਦੇਣ ਲਈ ਸਾਡੀ ਮੱਦਦ ਕਰ ਸਕਣ।

## ਇੱਕਠੀ ਕੀਤੀ ਜਾਣਕਾਰੀ ਦੀ ਸੁਰੱਖਿਆ

ਨਿੱਜੀ ਜਾਣਕਾਰੀ ਅਨੇਕਾਂ ਤਰੀਕਿਆਂ ਰਾਹੀਂ ਰੱਖੀ ਜਾ ਸਕਦੀ ਹੈ। ਸੱਭ ਤੋਂ ਸਧਾਰਨ ਤੌਰ ਤੇ, ਜਾਣਕਾਰੀ ਇੱਕ ਕਾਗਜ਼ੀ ਡਾਕਟਰੀ ਉਲੇਖ ਵਾਂਗ ਰੱਖੀ ਜਾ ਸਕਦੀ ਹੈ, ਅਤੇ / ਜਾਂ ਇੱਕ ਇਲੈਕਟਰਾਨਿਕ ਡਾਕਟਰੀ ਉਲੇਖ ਜੋ ਕੰਮਪਿਊਟਰ ਰਾਹੀਂ ਬਣੇ ਇੱਕ ਸੁਰੱਖਿਅਤ ਅੰਕੜਾ-ਭੰਡਾਰ ਦਾ ਹਿੱਸਾ ਬਣਿਆ ਹੋਵੇ। ਅਸੀਂ ਤੁਹਾਡੀ ਜਾਣਕਾਰੀ ਨੂੰ ਨੁਕਸਾਨ, ਅਣਅਧਿਕਾਰਤ ਪਹੁੰਚ ਅਤੇ ਦੁਰਵਰਤੋਂ ਤੋਂ ਬਚਾਉਣ ਲਈ, ਇਸਨੂੰ ਰੱਖਣ ਦੇ ਸਾਰੇ ਤਰੀਕਿਆਂ ਵਿੱਚ ਸਖਤ ਨਿਯਮਾਂ ਅਤੇ ਨੀਤੀਆਂ ਦੀ ਪਾਲਣਾ ਕਰਦੇ ਹਾਂ।ਵਰਤੋਂ ਅਤੇ ਖੁਲਾਸਾ

## ਵਰਤੋਂ ਅਤੇ ਖੁਲਾਸਾ

ਤੁਹਾਡੀ ਨਿੱਜੀ ਜਾਣਕਾਰੀ ਜਾਂ ਤੁਹਾਡੇ ਬੱਚੇ ਦੀ ਜਾਣਕਾਰੀ ਐਨ ਐੱਸ ਡਬਲਯੂ ਦੀ ਜਨਤਕ ਸਿਹਤ ਸੇਵਾ ਦੁਆਰਾ ਵਰਤੀ ਜਾ ਸਕਦੀ ਹੈ, ਜਾਂ ਸਿਹਤ ਸੇਵਾ ਤੋਂ ਬਾਹਰ ਜਾਹਰ ਕੀਤੀ ਜਾ ਸਕਦੀ ਹੈ, ਤਾਂ ਜੋ ਤੁਹਾਨੂੰ ਢੁੱਕਵੀਂ ਦੇਖਭਾਲ ਅਤੇ ਇਲਾਜ ਮੁਹੱਈਆ ਕੀਤਾ ਜਾ ਸਕੇ। ਉਦਾਹਰਨ ਲਈ, ਤੁਹਾਡੀ ਜਾਣਕਾਰੀ ਦਾ ਇਸਤੇਮਾਲ ਜਾਂ ਇਹ ਜਾਹਰ, ਤੁਹਾਡੇ ਜੀ.ਪੀ ਨੂੰ, ਤੁਹਾਡੇ ਬੱਚੇ ਦੇ ਜੀ.ਪੀ. ਨੂੰ, ਇਕ ਹੋਰ ਇਲਾਜ ਕਰਣ ਵਾਲੀ ਸਿਹਤ ਸੇਵਾ ਜਾਂ ਹਸਪਤਾਲ ਨੂੰ, ਐਨ ਐਸ ਡਬਲਯੂ ਦੀ ਐਂਬੂਲੈਂਸ ਸੇਵਾ ਲਈ, ਰੈਫ਼ਰਲ ਲਈ ਮਾਹਿਰ ਕੋਲ ਜਾਂ ਪੈਥੋਲੋਜੀ ਟੈਸਟਾਂ ਲਈ ਕੀਤਾ ਜਾ ਸਕਦਾ ਹੈ।

ਨਿੱਜੀ ਜਾਣਕਾਰੀ ਦਾ ਇਸਤੇਮਾਲ ਜਾਂ ਖੁਲਾਸਾ ਐਨ ਐੱਸ ਡਬਲਯੂ ਦੇ ਸਿਹਤ ਸੇਵਾ ਦੇ ਕਾਰਜਾਂ ਅਤੇ ਸਾਡੇ ਮਰੀਜ਼ਾਂ ਦੇ ਇਲਾਜ ਨਾਲ ਜੁੜੇ ਉਦੇਸ਼ਾਂ ਲਈ ਵੀ ਕੀਤਾ ਜਾ ਸਕਦਾ ਹੈ, ਜਿਸ ਵਿਚ ਫੰਡ, ਯੋਜਨਾਬੰਦੀ, ਸੁਰੱਖਿਆ ਅਤੇ ਗੁਣਵੱਤਾ ਸੁਧਾਰ ਦੀਆਂ ਗਤੀਵਿਧੀਆਂ ਸ਼ਾਮਲ ਹਨ।ਨਿੱਜੀ ਜਾਣਕਾਰੀ ਦਾ ਖੁਲਾਸਾ ਰਾਜ ਅਤੇ ਰਾਸ਼ਟਰਮੰਡਲ ਸਰਕਾਰੀ ਏਜੰਸੀਆਂ ਨੂੰ ਕਾਨੂੰਨ ਦੀ ਪਾਲਣਾ ਕਰਨ ਲਈ, ਦੱਸਣਯੋਗ ਬਿਮਾਰੀਆਂ ਦੀ ਰਿਪੋਰਟ ਕਰਨ ਲਈ, ਮੈਡੀਕੇਅਰ ਵੇਰਵੇ ਅਤੇ ਟੀਕਾਕਰਨ ਅੰਕੜੇ ਮੁਹੱਈਆ ਕਰਨ ਲਈ ਕੀਤਾ ਜਾਣਾ ਜਰੂਰੀ ਹੈ। ਐਚ ਪੀ ਵੀ ਟੀਕਾਕਰਨ ਦਾ ਵੇਰਵਾ ਆਸਟ੍ਰੇਲੀਆ ਦੇ ਟੀਕਾਕਰਣ ਰਜਿਸਟਰ (ਏ.ਆਈ.ਆਰ.) ਤੇ ਚਾੜ੍ਹਿਆ ਜਾਵੇਗਾ, ਜੋ ਤੁਹਾਡੇ ਬੱਚੇ ਦੇ ਮੌਜੂਦਾ ਟੀਕਾਕਰਨ ਦੇ ਇਤਿਹਾਸ ਨਾਲ ਜੁੜਿਆ ਹੋਇਆ ਹੈ, ਅਤੇ ਭਵਿੱਖ ਵਿੱਚ ਏਆ ਈਆ ਰ ਟੀਕਾਕਰਨ ਇਤਿਹਾਸ ਬਿਆਨਾਂ ਵਿੱਚ ਸ਼ਾਮਲ ਕੀਤਾ ਜਾਵੇਗਾ। ਜਨਾਨਾ ਵਿਦਿਆਰਥਣਾਂ ਨਾਲ ਸਬੰਧਤ ਅੰਕੜੇ ਵੀ ਭਵਿੱਖ ਵਿੱਚ ਨੈਸ਼ਨਲ ਸਰਵਾਈਕਲ ਸਕ੍ਰੀਨਿੰਗ ਪ੍ਰੋਗਰਾਮ ਰਜਿਸਟਰ ਨੂੰ ਦੱਸੇ ਜਾਣਗੇ।ਅਸੀਂ ਗਾਹਕਾਂ ਦੀ ਸੰਤੁਸ਼ਟੀ ਸਰਵੇਖਣਾਂ ਬਾਰੇ ਅਤੇ ਟੀਕਾਕਰਨ ਤੋਂ ਸੁਰੱਖਿਆ ਦੀ ਨਿਗਰਾਨੀ ਕਰਨ ਲਈ ਤੁਹਾਡੇ ਨਾਲ ਸੰਪਰਕ ਕਰਨ ਲਈ ਤੁਹਾਡੀ ਨਿੱਜੀ ਜਾਣਕਾਰੀ ਦੀ ਵਰਤੋਂ ਵੀ ਕਰ ਸਕਦੇ ਹਾਂ। ਹਿੱਸਾ ਲੈਣਾ ਸਵੈ-ਇੱਛੁਕ ਹੈ ਅਤੇ ਹਿੱਸਾ ਨਾ ਲੈਣ ਤੇ ਸਿਹਤ ਸੰਭਾਲ ਤੇ ਅਸਰ ਨਹੀਂ ਪੈਂਦਾ।

## ਤੁਹਾਡੀ ਜਾਣਕਾਰੀ ਨੂੰ ਪਹੁੰਚ

ਸਾਡੇ ਵਲੋਂ ਰੱਖੀ ਤੁਹਾਡੀ ਨਿੱਜੀ ਜਾਣਕਾਰੀ, ਅਤੇ ਉਹ ਵੀ ਜੋ ਤੁਹਾਡੇ ਬੱਚੇ ਦੀ ਹੈ, ਨੂੰ ਤੁਸੀਂ ਹਾਸਲ ਕਰਨ ਦੀ ਬੇਨਤੀ ਲਈ ਅਧਿਕਾਰ ਰੱਖਦੇ ਹੋ। ਤੁਹਾਨੂੰ ਇੱਕ ਫ਼ੀਸ ਦੇਣੀ ਪੈ ਸਕਦੀ ਹੈ ਜੇਕਰ ਤੁਸੀਂ ਆਪਣੀ ਨਿੱਜੀ ਜਾਣਕਾਰੀ ਜਾਂ ਡਾਕਟਰੀ ਉਲੇਖ ਦੀਆਂ ਨਕਲਾਂ (ਕਾਪੀਆਂ) ਲਈ ਬੇਨਤੀ ਕਰੋ।

## ਹੋਰ ਜਾਣਕਾਰੀ ਅਤੇ ਸਾਡੇ ਨਾਲ ਸੰਪਰਕ ਕਰੋ

ਤੁਹਾਡੀ ਨਿੱਜੀ ਜਾਣਕਾਰੀ ਨੂੰ ਕਿਵੇਂ ਪ੍ਰਬੰਧਿਤ ਕੀਤਾ ਜਾਂਦਾ ਹੈ ਇਸ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਹੈਲਥ ਜਾਣਕਾਰੀ ਲਈ ਐਨ ਐੱਸ ਡਬਲਯੂ ਹੈਲਥ ਪ੍ਰਾਇਵੇਸੀ ਦਸਤਾਵੇਜ ਦੇਖੋ: health.nsw.gov.au/patients/privacy

ਜੇ ਤੁਹਾਡੇ ਕੋਲ ਕੋਈ ਨਿੱਜੀ ਜਾਣਕਾਰੀ ਦੀ ਗੋਪਨੀਯਤਾ ਬਾਰੇ ਕੋਈ ਪ੍ਰਸ਼ਨ ਜਾਂ ਸ਼ਿਕਾਇਤ ਹੈ, ਤਾਂ ਕਿਰਪਾ ਕਰਕੇ 1300 066 055 ਤੇ ਆਪਣੀ ਸਥਾਨਕ ਜਨਤਕ ਸਿਹਤ ਇਕਾਈ ਨਾਲ ਸੰਪਰਕ ਕਰੋ।

October 2023 © NSW Health. SHPN (HPNSW) 230687-1-18

Punjabi

# ਐਨ ਐਸ ਡਬਲਯੂ ਸਕੂਲ ਟੀਕਾਕਰਣ ਪਰੋਗਰਾਮ

ਮਾਪੇ/ਸਰਪ੍ਰਸਤ ਇੱਕ **ਕਾਲੇ** ਜਾਂ **ਨੀਲੇ** ਪੈਨ ਦੀ ਵਰਤੋਂ ਕਰਦੇ ਹੋਏ **ਵਡੇ** ਅੱਖਰਾਂ ਵਿੱਚ ਸਾਰੇ ਖਾਨਿਆਂ ਨੂੰ ਪੂਰਾ ਕਰਨ।

## ਵਿਦਿਆਰਥੀ ਦਾ ਵੇਰਵਾ (ਇਹ ਵੇਰਵੇ ਮੈਡੀਕੇਅਰ ਕਾਰਡ 'ਤੇ ਦਰਸਾਏ ਵੇਰਵਿਆਂ ਨਾਲ ਮੇਲ ਖਾਂਦੇ ਹੋਣੇ ਚਾਹੀਦੇ ਹਨ)

ਗੋਤ

ਨਾਮ


ਜਨਮ ਮਿਤੀ __ / __ / 20__

ਲਿੰਗ (ਮਰਦ/ਔਰਤ) ☐ ਮ ☐ ਅ ☐ ਅਨਿਸ਼ਚਿਤ/ਅੰਤਰਲਿੰਗੀ/ਅਣ-ਨਿਰਧਾਰਤ

ਸਕੂਲ ਦਾ ਨਾਮ

ਮੈਡੀਕੇਅਰ ਨੰਬਰ

ਆਪਣੇ ਬੱਚੇ ਦੇ ਨਾਮ ਨਾਲ ਉਸਦੇ ਮੈਡੀਕੇਅਰ ਕਾਰਡ ਦਾ ਨੰਬਰ ਵੀ ਲਿਖੋ




## ਆਦਿਵਾਸੀ ਦਰਜਾ

☐ ਨਹੀਂ ☐ ਹਾਂ, ਐਬਉਰੀਜ਼ਨਲ ☐ ਹਾਂ, ਟੌਰਿਸ ਸਟਰੇਟ ਆਈਲੈਂਡਰ ☐ ਹਾਂ, ਦੋਵੇਂ ਐਬਉਰੀਜ਼ਨਲ ਅਤੇ ਟੌਰਿਸ ਸਟੇਟ ਆਈਲੈਂਡਰ

## ਤੁਹਾਡਾ ਵੇਰਵਾ – ਮਾਪੇ ਜਾਂ ਕਾਨੂੰਨਨ ਰੱਖਵਾਲਾ

ਮਾਪੇ ਜਾਂ ਰੱਖਵਾਲੇ ਦਾ ਨਾਮ (ਜਿਵੇਂ ਕਿ, JACK SMITH)

ਘਰ ਦਾ ਪਤਾ (ਜਿਵੇਂ ਕਿ, 5 SMITH LANE)

ਸਬਰਬ

ਪੋਸਟਕੋਡ ਨੰਬਰ

ਮੋਬਾਇਲ ਨੰਬਰ

ਉੱਤਮ ਵਕਿਲਪੀ ਜਾਂ ਦੂਸਰਾ ਨੰਬਰ

ਈਮੇਲ ਪਤਾ

## ਰਜ਼ਾਮੰਦੀ

ਮੈ **ਐਚ ਪੀ ਵੀ ਟੀਕਾਕਰਣ ਅਤੇ ਡੀ ਟੀ ਪੀ ਏ ਟੀਕਾਕਰਣ** ਦੇ ਫ਼ਾਇਦੇ ਅਤੇ ਸੰਭਵ ਨੁਕਸਾਨਾਂ ਬਾਬਤ ਦਿੱਤੀ ਜਾਣਕਾਰੀ ਪੜ੍ਹੀ ਅਤੇ ਸਮਝ ਲਈ ਹੈ ਅਤੇ ਮੈਨੂੰ ਪਤਾ ਹੈ ਕਿ ਮੈ ਕਿਸੇ ਵੇਲੇ ਵੀ **ਰਜ਼ਾਮੰਦੀ ਵਾਪਸ** ਲੈ ਸਕਦਾ ਹਾਂ।

ਮੈਨੂੰ ਗੋਪਨੀਯਤਾ ਬਿਆਨ ਦੀ ਇੱਕ ਨਕਲ ਪ੍ਰਦਾਨ ਕੀਤੀ ਗਈ ਹੈ ਅਤੇ ਮੈਂ ਸਮਝਦਾ / ਸਮਝਦੀ ਹਾਂ ਕਿ ਮੇਰੀ ਅਤੇ / ਜਾਂ ਮੇਰੇ ਬੱਚੇ ਦੀ ਨਿੱਜੀ ਜਾਣਕਾਰੀ ਦਾ (ਸਿਹਤ ਦੀ ਜਾਣਕਾਰੀ ਸਮੇਤ) ਕੁਝ ਹਾਲਤਾਂ ਵਿੱਚ ਖੁਲਾਸਾ ਕੀਤੀ ਜਾ ਸਕਦਾ ਹੈ ਜਿਵੇਂ ਕਿ ਬਿਆਨ ਵਿੱਚ ਦਿੱਤਾ ਗਿਆ ਹੈ।

ਮੈਂ ਆਪਣੀ ਪੂਰੀ ਜਾਣਕਾਰੀ ਮੁਤਾਬਿਕ ਘੋਸ਼ਿਤ ਕਰਦਾ/ਕਰਦੀ ਹਾਂ, ਕਿ ਮੇਰੇ ਬੱਚੇ ਨੂੰ:

1. ਕਿੱਸੇ ਵੀ ਟੀਕੇ ਦੀ ਐਨਾਫ਼ਾਈਲੈਕਟਿਕ ਅਨੁਕ੍ਰਿਆ ਕਦੇ ਨਹੀਂ ਹੋਈ।
2. ਮਾਪਿਆਂ ਦੀ ਜਾਣਕਾਰੀ ਸ਼ੀਟ ਵਿੱਚ ਸੂਚਤ ਰੋਗ ਵਿਰੋਧੀ ਸਰੀਰਕ ਸੁਰੱਖਿਆ ਟੀਕੇ ਦਾ ਕੋਈ ਵੀ ਭਾਗ ਐਨਾਫ਼ਾਈਲੈਕਟਿਕ ਸੰਵੇਦਨਸ਼ੀਲਤਾ ਨਹੀਂ ਰੱਖਦਾ।
3. ਗਰਭਵਤੀ ਨਹੀਂ ਹੈ।

**ਮੈਂ, ਅੱਜ (ਅੱਜ ਦੀ ਤਾਰੀਖ)** __ / __ / 20__

**ਹਰੇਕ ਟੀਕਾ ਜੋ ਮੈਂ ਚਾਹੁੰਦਾ/ਚਾਹੁੰਦੀ ਹਾਂ ਕਿ ਮੇਰਾ ਬੱਚਾ ਪ੍ਰਾਪਤ ਕਰੇ, ਉਸ ਲਈ ਹੇਠਾਂ ਦਸਤਖਤ ਕਰਦਾ/ਕਰਦੀ ਹਾਂ।**

**ਐਚ ਪੀ ਵੀ ਟੀਕਾਕਰਣ।**

ਮੈਂ ਇੱਥੇ ਆਪਣੇ ਇਸ ਨਾਮ ਵਾਲੇ ਬੱਚੇ ਨੂੰ ਇੱਕ ਖੁਰਾਕ ਵਾਲੇ ਕੋਰਸ ਨੂੰ ਲੈਣ ਦੀ ਸਹਿਮਤੀ ਦਿੰਦਾ/ਦਿੰਦੀ ਹਾਂ।

**ਮਾਪੇ/ਰੱਖਵਾਲੇ ਦੇ ਦਸਤਖਤ**

**ਡਿਪਥੀਰੀਆ-ਟੈਟਨਸ-ਪਰਟੂਸਿਸ (dTpa) ਟੀਕਾਕਰਣ।**

ਮੈਂ ਇੱਥੇ ਆਪਣੇ ਇਸ ਨਾਮ ਵਾਲੇ ਬੱਚੇ ਨੂੰ ਇੱਕ (ਬੂਸਟਰ) ਖੁਰਾਕ ਵਾਲੇ ਕੋਰਸ ਨੂੰ ਲੈਣ ਦੀ ਸਹਿਮਤੀ ਦਿੰਦਾ/ਦਿੰਦੀ ਹਾਂ।

**ਮਾਪੇ/ਰੱਖਵਾਲੇ ਦੇ ਦਸਤਖਤ**

ਸਿਰਫ਼ ਉਦਾਹਰਣ
ਕਿਰਪਾ ਕਰਕੇ ਅੰਗਰੇਜ਼ੀ ਭਾਸ਼ਾ ਦਾ ਰਜ਼ਾਮੰਦੀ ਫ਼ਾਰਮ ਵਰਤੋ

**ਕਿਰਪਾ ਕਰ ਕੇ ਪੰਨਾ ਪਲਟੋ** ►

# ਰੋਗ਼ ਵਿਰੋਧੀ ਸਰੀਰਕ ਸੁਰੱਖਿਆ ਟੀਕੇ ਦਾ ਉਲੇਖ

ਮਾਪੇ ਜਾਂ ਰੱਖਵਾਲਾ ਪੂਰਾ ਕਰਨ

**ਵਿਦਿਆਰਥੀ ਦਾ ਨਾਮ** (ਜਿਵੇਂ ਕਿ, JACK SMITH)

## ਸ਼ਿਰਫ਼ ਦਫ਼ਤਰ ਦੀ ਵਰਤੋਂ ਲਈ

| ਰੋਗ਼ ਵਿਰੋਧੀ ਟੀਕੇ | ਬਾਂਹ | ਟੀਕੇ ਦਾ ਬੈਚ ਨੰਬਰ | ਖ਼ੁਰਾਕ ਤਾਰੀਖ਼ (ਦਿਨ/ਮਹੀਨਾ/ਸਾਲ) | ਟੀਕਾ ਲਗਾਉਣ ਦਾ ਸਮਾਂ (24 ਘੰਟੇ) | ਨਰਸ (ਦਾਈ) ਦੇ ਦਸਤਖਤ |
|---|---|---|---|---|---|
| ਐਚ ਪੀ ਵੀ (HPV) | ਖੱਬੀ<br>ਸੱਜੀ | | / / | : | |
| ਡੀ ਟੀ ਪੀ ਏ (dTpa) | ਖੱਬੀ<br>ਸੱਜੀ | | / / | : | |

ਸਿਰਫ਼ ਉਦਾਹਰਣ
ਕਿਰਪਾ ਕਰਕੇ ਅੰਗਰੇਜ਼ੀ ਭਾਸ਼ੀ
ਰਜ਼ਾਮੰਦੀ ਫ਼ਾਰਮ ਪੂਰਾ ਕਰੋ।

## ਨਰਸ ਦੀਆਂ ਟਿੱਪਣੀਆਂ

230687-2-18